# ਸੁੱਚਾ ਸਿੰਘ ਛੋਟੇਪੁਰ ਅੱਖੋਂ ਪਰੋਖੇ ਕਰਨਾ 'ਆਪ' ਨੂੰ ਮਹਿੰਗਾ ਪਵੇਗਾ-ਸਰਨਾ

**ਨਵੀਂ ਦਿੱਲੀ- ਮਵਦੀਲਾ ਬਿਓਰੋ**



ਸ੍. ਪਰਮਜੀਤ ਸਿੰਘ ਸਰਨਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਮੁੱਖੀ ਸ੍. ਸੁੱਚਾ ਸਿੰਘ ਛੋਟੇਪੁਰ ਨੂੰ ਇੱਕ ਇਮਾਨਦਾਰ, ਮਿਹਨਤੀ ਤੇ ਗੂੜਿਆ ਸਿਆਸਤਦਾਨ ਦੱਸਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਛੋਟੇਪੁਰ ਨੂੰ ਪੰਜਾਬ ਵਿੱਚ ਅੱਖੋਂ ਪਰੋਖੇ ਕਰਨਾ ਮਹਿੰਗਾ ਪੈ ਸਕਦਾ ਹੈ।

ਜਾਰੀ ਇੱਕ ਬਿਆਨ ਰਾਹੀ ਸ੍. ਸਰਨਾ ਨੇ ਕਿਹਾ ਕਿ ਸ. ਸੁੱਚਾ ਸਿੰਘ ਛੋਟੇਪੁਰ ਅਕਾਲੀ ਦਲ ਦੀ ਪੈਦਾਇਸ਼ ਹੈ ਤੇ ਉਸ ਨੇ ਸਿਆਸਤ ਦੀਆ ਕਈ ਤੱਤੀਆ ਠੰਡੀਆ ਹਵਾਵਾਂ ਦੇ ਜਲਵੇ ਸਰੀਰ 'ਤੇ ਝੱਲੇ ਹਨ ਤੇ ਜਿਹੜੇ ਆਪ ਦੇ ਆਗੂ ਅੱਜ ਅਜਿਹੇ ਸਿਆਸਤਦਾਨ ਨੂੰ ਅੱਖੋਂ ਪਰੋਖੇ ਕਰਕੇ ਮਨਮਾਨੀਆ ਕਰ ਰਹੇ ਹਨ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਿਆਸਤ ਵਿੱਚ ਹਾਲੇ ਬਹੁਤ ਅਨਾੜੀ ਹਨ ਅਤੇ ਦਿੱਲੀ ਵਿੱਚ ਜਿਸ ਤਰ੍ਹਾਂ ਉਹਨਾਂ ਦਾ ਛਿੱਤਰ ਨਾਲ ਸਹਿਆ ਮਰਿਆ ਹੈ ਉਸ ਤਰ੍ਹਾਂ ਪੰਜਾਬ ਵਿੱਚ ਹੋਣਾ ਸੁਭਾਵਿਕ ਨਹੀਂ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਦੀ ਇੱਕ ਮੁੱਢਲੀ ਯੋਗਤਾ ਰਹੀ ਹੈ ਕਿ ਟਿਕਟ ਸਿਰਫ ਉਹਨਾਂ ਵਿਅਕਤੀਆ ਨੂੰ ਦਿੱਤੇ ਜਾਂਦੇ ਸਨ ਜਿਹਨਾਂ ਨੇ ਸਮਾਜਿਕ ਮੁੱਦਿਆ ਦੀ ਜੰਗ ਲੜਦਿਆਂ ਜਨਤਕ ਮੰਗਾਂ ਦੀ ਖਾਤਰ ਜੇਲ੍ਹ ਕੱਟੀ ਹੋਵੇ ਤੇ ਸ੍. ਸੁੱਚਾ ਸਿੰਘ ਛੋਟੇਪੁਰ ਇਹ ਸਾਰੀਆਂ ਯੋਗਤਾ ਪੂਰੀਆਂ ਕਰਦੇ ਹਨ। ਉਹਨਾਂ ਕਿਹਾ ਕਿ ਅਕਾਲੀ ਦਲ ਵਿੱਚ ਵੀ ਧੜੇਬੰਦੀ ਵੱਡੀ ਪੱਧਰ ਤੇ ਹੈ ਤੇ ਛੋਟੇਪੁਰ ਜਿਥੇ ਅਕਾਲੀ ਦਲ ਦੇ ਮਰਹੂਮ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਦੇ ਦਾਮਾਦ ਹਨ ਉਥੇ ਉਹ ਗੂੜੇ ਹੋਏ ਸਿਆਸਤਦਾਨ ਹਨ ਅਤੇ ਉਹਨਾਂ ਦੀ ਪ੍ਰਕਾਸ਼ ਸਿੰਘ ਬਾਦਲ ਨਾਲ ਨਹੀਂ ਬਣ ਸਕੀ ਜਿਸ ਕਰਕੇ ਉਹਨਾਂ ਨੂੰ ਅਕਾਲੀ ਦਲ ਛੱਡਣਾ ਪਿਆ। ਉਹਨਾਂ ਕਿਹਾ ਕਿ ਜਿਹੜਾ ਆਗੂ ਅਕਾਲੀ ਦਲ ਦੀ ਮਾਰ ਝੱਲ ਗਿਆ ਹੋਵੇ ਉਹ ਕਿਸੇ ਵੀ ਹੋਰ ਪਾਰਟੀ ਵਿੱਚ ਮਾਰ ਨਹੀਂ ਖਾ ਸਕਦਾ। ਉਹਨਾਂ ਕਿਹਾ ਕਿ ਸ੍. ਸੁੱਚਾ ਸਿੰਘ ਛੋਟੇਪੁਰ ਦਾ ਬਾਰ ਬਾਰ ਇਹ ਬਿਆਨ ਆਉਣਾ ਕਿ ਭਲੇ ਹੀ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਪਰ ਪਾਰਟੀ ਨਹੀ ਛੱਡਣਗੇ ਸ਼ਲਾਘਾਯੋਗ ਹੈ ਕਿਉਕਿ ਪਾਰਟੀ ਹਮੇਸ਼ਾਂ ਕਾਇਰ ਹੀ ਛੱਡਦੇ ਹਨ। ਫਿਰ ਵੀ ਛੋਟੇਪੁਰ ਨੂੰ ਕਿਸੇ ਵੀ ਪਾਰਟੀ ਵਿੱਚ ਜਾਣ ਦੀ ਲੋੜ ਨਹੀਂ ਸਗੋਂ ਸਮਾਂ ਆਉਣ ਤੇ ਲੈਣ ਵਾਲੇ ਖੁਦ ਹੀ ਉਹਨਾਂ ਕੋਲ ਲੈਣ ਲਈ ਪਹੁੰਚ ਜਾਣਗੇ।

# ਕਦੇ ਗਲੀਆਂ 'ਚ ਸਬਜ਼ੀ ਵੇਚਦਾ ਸੀ ਤੇ ਅੱਜ 10 ਕਰੋੜ ਦੀ ਸਬਜ਼ੀ ਸਪਲਾਈ ਕਰਦਾ ਹੈ



**ਛੱਤੀਸਗੜ੍ਹ / ਬਿਓਰੋ:** ਛੱਤੀਸਗੜ੍ਹ ਦੇ ਰਾਏਪੁਰ ਦੇ ਕਿਸਾਨ ਅਸ਼ੋਕ ਚੰਦਰਾਕਰ ਨੇ 12 ਸਾਲ ਦੀ ਉਮਰ ਵਿੱਚ ਸਬਜ਼ੀ ਵੇਚਣੀ ਸ਼ੁਰੂ ਕਰ ਦਿੱਤੀ ਸੀ ਕਿਉਕਿ ਉਹ ਚੌਥੀ ਕਲਾਸ ਵਿੱਚ ਤਿੰਨ ਵਾਰ ਫੇਲ੍ਹ ਹੋ ਗਿਆ ਸੀ। ਉਹ ਗਲੀ-ਗਲੀ ਘੁੰਮ ਕੇ ਸਬਜ਼ੀ ਵੇਚਦਾ ਸੀ। ਅੱਜ ਉਸ ਕੋਲ 100 ਏਕੜ ਜ਼ਮੀਨ ਹੈ ਤੇ 800 ਏਕੜ ਠੇਕੇ ਤੇ ਲੈ ਕੇ ਕੁੱਲ ਮਿਲਾ ਕੇ 900 ਏਕੜ ਵਿੱਚ ਖੇਤੀ ਕਰਦਾ ਹੈ। ਉਸ ਨੇ ਕਰੀਬ 700 ਤੋਂ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ ਹੈ। ਅੱਜ ਅਸ਼ੋਕ ਸਾਲਾਨਾ 10 ਕਰੋੜ ਦੀਆਂ ਸਬਜ਼ੀਆਂ ਦੇਸ਼ ਦੇ ਅਲੱਗ-ਅਲੱਗ ਹਿਸਿਆਂ ਵਿੱਚ ਸਪਲਾਈ ਕਰਦਾ ਹੈ।

ਅਸ਼ੋਕ ਦਾ ਜਨਮ 1973 ਨੂੰ ਹੋਇਆਂ। ਉਸ ਦਾ ਪੜ੍ਹਾਈ ਵਿੱਚ ਮਨ ਨਹੀਂ ਲੱਗਾ ਪਰ ਉਸ ਨੇ ਕੰਮ ਵਿੱਚ ਪੂਰਾ ਮਨ ਲਾਇਆ। ਉਨ੍ਹਾਂ ਦੇ ਮਾਤਾ-ਪਿਤਾ ਪਿੰਡ ਦੇ ਹੀ ਇੱਕ ਘਰ ਵਿੱਚ ਕੰਮ ਕਰਦੇ ਸਨ। ਅਸ਼ੋਕ ਨੇ 14 ਸਾਲ ਦੀ ਉਮਰ ਵਿੱਚ ਆਪਣੀ ਨਾਨੀ ਤੋਂ ਖੇਤ ਲੈ ਕੇ ਸਬਜ਼ੀ ਉਗਾਉਣੀ ਸ਼ੁਰੂ ਕੀਤੀ। ਇਸ ਸਬਜ਼ੀ ਨੂੰ ਉਹ ਖ਼ੁਦ ਘੁੰਮ ਕੇ ਪਿੰਡਾਂ ਦੀਆਂ ਗਲੀਆਂ ਵਿੱਚ ਵੇਚਦਾ ਸੀ। ਇਸੇ ਪੈਸੇ ਨਾਲ ਉਸ ਨੇ ਇੱਕ ਖੇਤ ਤੋਂ ਦਸ ਏਕੜ ਖੇਤ ਠੇਕੇ ਤੇ ਲੈ ਲਏ ਜਿਸ ਨਾਲ ਉਸ ਦਾ ਕਾਰੋਬਾਰ ਵਧਣ ਲੱਗਾ। ਪਹਿਲਾ ਉਹ ਖ਼ੁਦ 2-2 ਹਜ਼ਾਰ ਲਈ ਤਰਸਦਾ ਸੀ ਤੇ ਅੱਜ ਉਹ ਆਪਣੇ ਵਰਕਰਾ ਨੂੰ 15-15 ਹਜ਼ਾਰ ਰੁਪਏ ਤਨਖਾਹ ਦੇ ਰਿਹਾ ਹੈ।

ਉਸ ਦੀ ਜ਼ਮੀਨ ਸਿਰਸਾ ਸਮੇਤ ਕਈ ਸਥਾਨਾਂ 'ਤੇ ਹੈ। ਇਸ ਤੋਂ ਇਲਾਵਾ ਨਗਪੁਰਾ, ਸੁਰਗੀ, ਮਤਵਾਰੀ, ਦੇਵਾਦਾ, ਜੰਜਗੀਰੀ, ਸਿਰਸਾ ਵਰਗੇ ਪਿੰਡਾਂ ਵਿੱਚ ਠੇਕੇ 'ਤੇ ਜ਼ਮੀਨ ਹੈ ਜਿਸ 'ਤੇ ਸਬਜ਼ੀਆਂ ਉਗਾਈਆਂ ਜਾ ਰਹੀਆਂ ਹਨ। ਇਸ ਵਿੱਚ ਨਗਪੁਰਾ ਵਿੱਚ ਸਭ ਤੋਂ ਜ਼ਿਆਦਾ ਦੋ ਸੌ ਏਕੜ 'ਤੇ ਟਮਾਟਰ ਲੱਗਾ ਹੈ। ਅੱਜ ਉਸ ਕੋਲ 25 ਤੋਂ ਜ਼ਿਆਦਾ ਟਰੈਕਟਰ ਤੇ ਦੂਜੀਆਂ ਗੱਡੀਆਂ ਹਨ। ਆਧੁਨਿਕ ਮਸ਼ੀਨਾਂ ਹਨ ਜਿਹੜੀਆਂ ਦਵਾ ਛਿੜਕਾਅ ਤੋਂ ਲੈ ਕੇ ਸਬਜ਼ੀਆਂ ਨੂੰ ਕੱਟਣ ਦਾ ਕੰਮ ਕਰਦੀਆਂ ਹਨ।

# ਸਾਊਦੀ ਅਰਬ ਤੋਂ ਭਾਰਤੀ ਕਾਮੇ 25 ਸਤੰਬਰ ਤਕ ਪਰਤਣ ਜਾਂ ਖ਼ੁਦ ਦਾ ਪ੍ਰਬੰਧ ਕਰਨ : ਸੁਸ਼ਮਾ

**ਨਵੀਂ ਦਿੱਲੀ/ ਪੀ.ਟੀ.ਆਈ.**



ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸਾਊਦੀ ਅਰਬ ਵਿਚ ਆਪਣੀ ਨੌਕਰੀ ਗੁਆ ਚੁੱਕੇ ਭਾਰਤੀ ਕਾਮਿਆਂ ਨੂੰ 25 ਸਤੰਬਰ ਤਕ ਪਰਤਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਉਥੇ ਠਹਿਰਣ ਅਤੇ ਪਰਤਣ ਲਈ ਖ਼ੁਦ ਬੰਦੋਬਸਤ ਕਰਨਾ ਪਵੇਗਾ। ਸੁਸ਼ਮਾ ਨੇ ਕਿਹਾ ਕਿ ਸਮੁੱਚੇ ਭਾਰਤੀ ਕਾਮਿਆਂ ਨੂੰ ਮੇਰੀ ਸਲਾਹ ਹੈ ਕਿ ਉਨ੍ਹਾਂ ਨੂੰ ਅਪਣਾ ਦਾਅਵਾ ਦਾਖ਼ਲ ਕਰਨਾ ਚਾਹੀਦਾ ਹੈ ਅਤੇ 25 ਸਤੰਬਰ 2016 ਤਕ ਵਾਪਸ ਆ ਜਾਣਾ ਚਾਹੀਦਾ ਹੈ। ਅਸੀਂ ਉਨ੍ਹਾਂ ਨੂੰ ਮੁਫ਼ਤ ਵਾਪਸ ਲਿਆਵਾਂਗੇ। "ਵਿਦੇਸ਼ ਮੰਤਰੀ ਨੇ ਇਕ ਤੋਂ ਬਾਅਦ ਦੂਜੇ ਟਵੀਟ ਵਿਚ ਕਿਹਾ, "ਜੋ ਲੋਕ 25 ਸਤੰਬਰ ਤਕ ਨਹੀਂ ਪਰਤਣਗੇ ਉਨ੍ਹਾਂ ਨੂੰ ਉਥੇ ਠਹਿਰਣ ਅਤੇ ਵਾਪਸੀ ਦੀ ਯਾਤਰਾ ਲਈ ਖ਼ੁਦ ਬੰਦੋਬਸਤ ਕਰਨਾ ਹੋਵੇਗਾ।"

ਜ਼ਿਕਰਯੋਗ ਹੈ ਕਿ ਤੇਲ ਦੀਆਂ ਘੱਟ ਕੀਮਤਾਂ ਅਤੇ ਸਰਕਾਰੀ ਖ਼ਰਚੇ ਵਿਚ ਕਮੀ ਦੇ ਚਲਦਿਆਂ ਸਾਊਦੀ ਅਰਥਵਿਸਥਾਵਾਂ ਵਿਚ ਮੰਦੀ ਆਉਣ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਕਾਮਿਆਂ ਦੀਆਂ ਉਥੇ ਨੌਕਰੀਆਂ ਚਲੀਆਂ ਗਈਆਂ ਹਨ।

# ਓਲੰਪਿਕ 'ਚ ਚਾਂਦੀ ਜਿੱਤਣ ਵਾਲੀ ਪਹਿਲੀ ਮਹਿਲਾ ਭਾਰਤੀ ਬਣੀ





**ਨਵੀਂ ਦਿੱਲੀ/ ਬਿਓਰੋ**

ਬੈਡਮਿੰਟਨ ਦੇ ਮਹਿਲਾ ਸਿੰਗਲਜ ਦੇ ਫਾਈਨਲ 'ਚ ਪੀ.ਵੀ. ਸਿੰਧੂ ਦਾ ਮੁਕਾਬਲਾ ਸਪੇਨ ਦੀ ਵਿਸ਼ਵ ਨੰਬਰ ਇੱਕ ਮਹਿਲਾ ਖਿਡਾਰਨ ਕੈਰੋਲਿਨਾ ਮਾਰਿਨ ਨਾਲ ਹੋਇਆ। ਪਹਿਲੇ ਗੇਮ 'ਚ ਪੀ.ਵੀ. ਸੰਧੂ ਦਾ ਪਲੜਾ ਭਾਰੀ ਰਿਹਾ ਤੇ ਉਸ ਨੇ ਕੈਰੋਲਿਨਾ ਨੂੰ 21-19 ਨਾਲ ਹਰਾਇਆ। ਦੂਜੇ ਗੇਮ 'ਚ ਕੈਰੋਲਿਨਾ ਨੇ 12-21 ਨਾਲ ਵਾਧਾ ਬਣਾਇਆ। ਇਸ ਤੋਂ ਪਹਿਲਾਂ ਕੁਆਰਟਰ ਫਾਈਨਲ 'ਚ ਮੁਕਾਬਲੇ 'ਚ ਸਿੰਧੂ ਨੇ ਚੀਨ ਦੀ ਵਿਸ਼ਵ ਦੀ ਨੰਬਰ ਦੋ ਖਿਡਾਰਨ ਵਾਂਗ ਯਿਹਾਨ ਨੂੰ ਹਰਾ ਕੇ ਸੈਮੀਫਾਈਨ ਦਾ ਰਾਹ ਤੈਅ ਕੀਤਾ ਸੀ।

ਜ਼ਿਕਰਯੋਗ ਹੈ ਕਿ ਪੀ.ਵੀ. ਸਿੰਧੂ ਨੇ ਜਾਪਾਨ ਦੀ ਨੋਜੋਮੀ ਓਕੂਹਾਰਾ ਨੂੰ ਸਿੱਧੇ ਗੇਮ 'ਚ ਹਰਾ ਕੇ ਰੀਓ ਓਲੰਪਿਕ ਦੇ ਬੈਡਮਿੰਟਨ ਮੁਕਾਬਲੇ ਦੇ ਮਹਿਲਾ ਸਿੰਗਲ ਦੇ ਫਾਈਨਲ 'ਚ ਪੁੱਜਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣਨ ਗਈ ਹੈ। ਵਿਸ਼ਵ ਚੈਂਪੀਅਨਸ਼ਿਪ 'ਚ ਦੋ ਵਾਰ ਕਾਂਸੀ ਤਮਗਾ ਵਿਜੇਤਾ ਸਿੰਧੂ ਨੇ ਜਾਪਾਨ ਦੀ ਆਲ ਇੰਗਲੈਂਡ ਚੈਂਪੀਅਨ ਖਿਲਾਫ਼ 49 ਮਿੰਟ ਤੱਕ ਚਲੇ ਮੈਚ 'ਚ 21-19, 21-10 ਨਾਲ ਜਿੱਤ ਦਰਜ ਕੀਤੀ। ਬੇਹੱਦ ਪ੍ਰਤਿਭਾਸ਼ਾਲੀ ਸਿੰਧੂ ਆਪਣੀ ਸੀਨੀਅਰ ਸਾਇਨਾ ਨੇਹਵਾਲ ਤੋਂ ਵੀ ਇੱਕ ਕਦਮ ਅੱਗੇ ਨਿਕਲਣ 'ਚ ਸਫ਼ਲ ਰਹੀ ਜਿਸ ਨੇ ਲੰਡਨ 2012 'ਚ ਕਾਂਸੀ ਤਮਗਾ ਜਿੱਤ ਕੇ ਭਾਰਤ ਨੂੰ ਬੈਡਮਿੰਟਨ 'ਚ ਪਹਿਲਾ ਤਮਗਾ ਦਿਵਾਇਆ ਸੀ।

# ਮੈਂ ਰਾਸ਼ਟਰਪਤੀ ਬਣਨ ਦੇ ਲਾਇਕ ਨਹੀਂ ਹਾਂ : ਅਮਿਤਾਭ



**ਨਵੀਂ ਦਿੱਲੀ/ ਬਿਓਰੋ**

ਮਾਰਚ 'ਚ ਅਭਿਨੇਤਾ ਤੇ ਸਾਂਸਦ ਸ਼ਤਰੂਘਣ ਸਿਨਹਾ ਨੇ ਅਮਿਤਾਭ ਬੱਚਨ ਦਾ ਨਾਂਅ ਅਗਲੇ ਰਾਸ਼ਟਰਪਤੀ ਲਈ ਪ੍ਰਸਤਾਵਿਤ ਕੀਤਾ, ਇਸ ਤੋਂ ਬਾਅਦ ਅਮਰ ਸਿੰਘ ਨੇ ਇੱਕ ਇੰਟਰਵਿਊ 'ਚ ਕਿਹਾ ਕਿ ਪੀ.ਐਮ. ਮੋਦੀ ਅਮਿਤਾਭ ਬੱਚਨ ਦਾ ਨਾਂਅ ਅਗਲੇ ਰਾਸ਼ਟਰਪਤੀ ਲਈ ਦੇਸ਼ ਦੇ ਸਾਹਮਣੇ ਰੱਖ ਸਕਦੇ ਹਨ। ਇੱਕ ਇੰਟਰਵਿਊ 'ਚ ਅਮਿਤਾਭ ਬੱਚਨ ਨੇ ਇਨ੍ਹਾਂ ਗੱਲਾਂ ਨੂੰ ਬਕਵਾਸ ਦੱਸਦਿਆਂ ਕਿਹਾ ਕਿ ਮੈਂ ਰਾਸ਼ਟਰਪਤੀ ਬਣਨ ਦੇ ਕਾਬਲ ਨਹੀਂ ਹਾਂ।

ਇੰਟਰਵਿਊ ਦੌਰਾਨ ਜਦੋਂ ਬਿੱਗ ਬੀ ਤੋਂ ਇਸ ਵਿਸ਼ੇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸ਼ਤਰੂਘਣ ਮੇਰੇ ਮਿੱਤਰ ਹਨ। ਇਹ ਗੱਲਾਂ ਸ਼ਤਰੂਗਣ ਨੇ ਮਜ਼ਾਕ 'ਚ ਕਹੀਆਂ ਹੋਣਗੀਆਂ।

# ਹੁਣ ਸਿਰਫ਼ ਤਿੰਨ ਦਿਨਾਂ 'ਚ ਬਣੇਗਾ ਪੈਨ ਕਾਰਡ

**ਨਵੀਂ ਦਿੱਲੀ/ ਬਿਓਰੋ**




ਹੁਣ ਸਿਰਫ਼ 3 ਦਿਨਾਂ ਅੰਦਰ ਹੀ ਤੁਹਾਡਾ ਪੈਨ ਕਾਰਡ ਬਣ ਜਾਵੇਗਾ, ਜਦੋਂਕਿ ਕਾਰੋਬਾਰੀਆਂ ਨੂੰ ਇਹ ਸਿਰਫ਼ ਇੱਕ ਦਿਨ ਅੰਦਰ ਜਾਰੀ ਹੋ ਜਾਵੇਗਾ। ਬਿਜ਼ਨਸ ਕਰਨਾ ਸੌਖਾ ਬਣਾਉਣ ਦੇ ਅਭਿਆਨ ਤਹਿਤ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਟੈਕਸ ਦੇ ਦਾਇਰੇ 'ਚ ਲਿਆਉਣ ਦੀ ਕੋਸ਼ਿਸ਼ 'ਚ ਲੱਗੇ ਸੈਂਟ੍ਰਲ ਬੋਰਡ ਆਫ਼ ਡਾਇਰੈਕਟ ਟੈਕਸ ਨੇ ਹੁਣ ਇਹ ਕਦਮ ਚੁੱਕਿਆ ਹੈ।

ਸੀ ਬੀ ਡੀ ਟੀ ਦੇ ਚੇਅਰਮੈਨ ਅਤੁਲੇਸ਼ ਜਿੰਦਲ ਨੇ ਕਿਹਾ ਕਿ ਕਾਰੋਬੀਆਂ ਨੂੰ ਹੁਣ ਇੱਕ ਦਿਨ 'ਚ ਪੈਨ ਨੰਬਰ ਲੈਣ 'ਚ ਕੋਈ ਦਿੱਕਤ ਨਹੀਂ ਆਵੇਗੀ। ਕਾਰੋਬਾਰੀ ਹੁਣ ਡਿਜ਼ੀਟਲ ਹਸਤਾਖ਼ਰ ਰਾਹੀਂ ਪੈਨ ਲਈ ਅਰਜ਼ੀ ਦੇ ਸਕਦੇ ਹਨ। ਆਮ ਲੋਕਾਂ ਨੂੰ ਪੈਨ ਕਾਰਡ ਆਧਾਰ ਨੰਬਰ ਰਾਹੀਂ ਤੁਰੰਤ ਵੈਰੀਫਾਈ ਕਰ ਲਿਆ ਜਾਵੇਗਾ, ਜਿਸ ਨਾਲ ਆਮ ਲੋਕਾਂ ਨੂੰ ਇਹ ਸਿਰਫ਼ 3 ਤੋਂ 4 ਦਿਨਾਂ ਅੰਦਰ ਮਿਲ ਜਾਵੇਗਾ।

# ਮੁਕਾਬਲੇ ਦੌਰਾਨ ਮੇਰੀ ਜਾਨ ਵੀ ਜਾ ਸਕਦੀ ਸੀ : ਓ.ਪੀ. ਜੈਸ਼ਾ




**ਨਵੀਂ ਦਿੱਲੀ/ ਪੀ.ਟੀ.ਆਈ.**

ਮੈਰਾਥਨ ਦੌੜਾਕ ਓ.ਪੀ. ਜੈਸ਼ਾ ਨੇ ਉਨ੍ਹਾਂ ਦੇ ਮੁਕਾਬਲੇ ਦੌਰਾਨ ਬੇਹੱਦ ਗਰਮੀ ਦੇ ਬਾਵਜੂਦ ਅਧਿਕਾਰੀਆਂ ਦੇ ਪਾਣੀ ਜਾਂ ਐਨਰਜੀ ਡ੍ਰਿੰਕ ਮੁਹੱਈਆ ਨਾ ਕਰਵਾਉਣ ਤੇ ਕਿਹਾ, "ਉਥੇ ਕਾਫ਼ੀ ਗਰਮੀ ਸੀ। ਮੁਕਾਬਲਾ ਸਵੇਰੇ ਨੌਂ ਵਜੇ ਸੀ, ਮੈਂ ਤੇਜ਼ ਗਰਮੀ ਵਿਚ ਦੌੜੀ। ਸਾਡੇ ਲਈ ਕੋਈ ਪਾਣੀ ਨਹੀਂ ਸੀ, ਨਾ ਹੀ ਕੋਈ ਐਨਰਜੀ ਡ੍ਰਿੰਕ ਸੀ ਅਤੇ ਨਾ ਹੀ ਕੋਈ ਖਾਣਾ। ਸਿਰਫ਼ ਇਕ ਵਾਰ ਅੱਠ ਕਿਲੋਮੀਟਰ ਵਿਚ ਰੀਊ ਪ੍ਰਬੰਧਕਾਂ ਤੋਂ ਮੈਨੂੰ ਪਾਣੀ ਮਿਲਿਆ, ਜਿਸ ਤੋਂ ਕੋਈ ਮਦਦ ਨਹੀਂ ਮਿਲੀ। ਸਮੁੱਚੇ ਦੇਸ਼ਾਂ ਦੇ ਹਰ ਦੋ ਕਿਲੋਮੀਟਰ 'ਤੇ ਆਪਣੇ ਸਟਾਲ ਸਨ, ਪਰ ਸਾਡੇ ਦੇਸ਼ ਦਾ ਸਟਾਲ ਖ਼ਾਲੀ ਸੀ। ਉਸ 'ਤੇ ਸਿਰਫ਼ ਤਿਰੰਗੇ ਲਗਾਏ ਹੋਏ ਸਨ। "ਜੈਸ਼ਾ ਫ਼ਿਨਿਸ਼ ਲਾਈਨ 'ਤੇ ਮੈਰਾਥਨ ਪੂਰੀ ਕਰਨ ਤੋਂ ਬਾਅਦ ਬੇਹੋਸ਼ ਹੋ ਕੇ ਡਿੱਗ ਗਈ ਸੀ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ, ਜਿਥੇ ਉਸ ਦੇ ਗੁਲੂਕੋਜ਼ ਲਗਾਇਆ ਗਿਆ।"




ਇਸ ਦੌਰਾਨ ਜੈਸਾ ਦੇ ਕੋਚ ਨਿਕੋਲਈ ਸਤ੍ਰੇਸਾਰੇਵ ਦੀ ਇਕ ਡਾਕਟਰ ਨਾਲ ਬਹਿਸ ਹੋ ਗਈ ਅਤੇ ਫਿਰ ਉਨ੍ਹਾਂ ਨੂੰ ਸਥਾਨਕ ਪੁਲੀਸ ਨੇ ਅੱਧੇ ਦਿਨ ਲਈ ਹਿਰਾਸਤ ਵਿਚ ਲਿਆ। ਜੈਸ਼ਾ ਨੇ ਹੋਸ਼ ਵਿਚ ਆਉਣ ਤੋਂ ਬਾਅਦ ਕਿਹਾ, "ਮੇਰੀ ਜਾਨ ਵੀ ਜਾ ਸਕਦੀ ਸੀ।" ਇਸ ਦੌੜਾਕ ਨੇ ਕਿਹਾ ਕਿ ਉਸ ਨੇ ਜਦੋਂ ਸਟਾਲ 'ਤੇ ਪੁਛਿਆ ਕਿ ਉਸ ਨੂੰ ਪਾਣੀ ਕਿਉਂ ਨਹੀਂ ਦਿਤਾ ਗਿਆ ਤਾਂ ਅਧਿਕਾਰੀਆਂ ਕੋਲ ਕੋਈ ਜਵਾਬ ਨਹੀਂ ਸੀ।